

**Punjabi version**
**Pakistan & India**

## ਅੱਜ ਹੀ ਦਰਖਾਸਤ ਪ੍ਰਕਿਰਿਆ ਆਰੰਭ ਕਰੋ

- ਦੇਖੋ **calgary.ca/driveways**
- ਮਦਦ ਚਾਹੀਦੀ ਹੈ? ਸਾਡੇ ਨਾਲ ਆਨਲਾਈਨ ਚੈਟ ਕਰੋ
- ਆਨਲਾਈਨ ਦਰਖਾਸਤ ਦਿਓ 24/7

ਅਸੀਂ ਘਰ ਸੁਧਾਰ ਪ੍ਰੋਜੈਕਟ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ ਜਿਸ ਵਿੱਚ ਨਵੇਂ ਡ੍ਰਾਈਵਵੇ ਨੂੰ ਇੰਸਟਾਲ ਕਰਨ ਲਈ, ਚੌੜਾ ਕਰਨ ਲਈ ਜਾਂ ਡ੍ਰਾਈਵਵੇ ਕ੍ਰੋਸਿੰਗ ਲਈ ਪਰਮਿਟਸ ਦੀ ਲੋੜੀਂਦੀ ਕਿਸਮ ਸ਼ਾਮਲ ਹੋ ਸਕਦੀ ਹੈ।

# ਨਵੇਂ ਡ੍ਰਾਈਵਵੇ, ਵਿਸਥਾਰ ਅਤੇ ਕ੍ਰੋਸਿੰਗਸ

**ਵਾਧੂ ਪਾਰਕਿੰਗ ਬਣਾਉਣ ਲਈ ਤੁਹਾਡੇ ਦੁਆਰਾ ਡ੍ਰਾਈਵਵੇ ਨੂੰ ਜੋੜਨ ਜਾਂ ਵਧਾਉਣ ਤੋਂ ਪਹਿਲਾਂ ਵਿਚਾਰ ਕਰਨ ਲਈ ਬਹੁਤ ਸਾਰੇ ਨੁਕਤੇ ਵਿਚਾਰਨ ਵਾਲੇ ਹੁੰਦੇ ਹਨ। ਸਮਾਨ ਲਈ ਭੁਗਤਾਨ ਕਰਨ ਤੋਂ ਪਹਿਲਾਂ ਜਾਂ ਠੇਕੇਦਾਰ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਤੁਹਾਨੂੰ ਲੋੜੀਂਦੀਆਂ ਸ਼ਹਿਰੀ ਪ੍ਰਵਾਨਗੀਆਂ ਵਿੱਚ ਮਦਦ ਕਰਨ ਲਈ ਸਾਡੇ ਦੁਆਰਾ ਤੁਹਾਨੂੰ ਗਾਈਡ ਕਰਨ ਦਿਓ।**

### ਮੈਨੂੰ ਪਰਮਿਟ ਦੀ ਲੋੜ ਕਦੋਂ ਹੁੰਦੀ ਹੈ?

**ਆਮ ਤੌਰ ਤੇ, ਇੱਕ ਡਾਈਵਵੇ ਨੂੰ ਪਰਮਿਟ ਦੀ ਉਦੋਂ ਲੋੜ ਨਹੀਂ ਹੁੰਦੀ ਜਦੋਂ:**

- ਤੁਸੀਂ ਕਾਨੂੰਨੀ ਤੌਰ ਤੇ ਮੌਜੂਦਾ ਡਾਈਵਵੇ ਬਦਲ ਰਹੇ ਹੁੰਦੇ ਹੋ

**ਖਾਸਕਰ, ਸ਼ਹਿਰ ਦੀਆਂ ਪ੍ਰਵਾਨਗੀਆਂ ਦੀ ਲੋੜ ਇਸ ਸਮੇਂ ਪੈਂਦੀ ਹੈ ਜਦੋਂ;**

- ਡ੍ਰਾਈਵਵੇ ਸਥਾਪਤ, ਜਾਂ ਮੌਜੂਦਾ ਡ੍ਰਾਈਵਵੇ ਨੂੰ ਚੌੜਾ ਕਰਨਾ ਹੁੰਦਾ ਹੈ
- ਮੌਜੂਦਾ ਡ੍ਰਾਈਵਵੇ ਲਈ ਇੱਕ ਨਵੀਂ ਡ੍ਰਾਈਵਵੇ ਕ੍ਰੋਸਿੰਗ ਨੂੰ ਸਥਾਪਤ ਕਰਨਾ ਹੁੰਦਾ ਹੈ

### ਤੁਹਾਡੇ ਦੁਆਰਾ ਨਿਵੇਸ਼ ਕਰਨ ਤੋਂ ਪਹਿਲਾਂ ਕਿੰਨ੍ਹਾਂ ਗੱਲਾਂ 'ਤੇ ਵਿਚਾਰ ਕਰੀਏ?

- ਪੱਥਰ ਦੇ ਬਣੇ ਜਾਂ ਕੰਕਰੀਟ ਦੇ ਬਣੇ ਫਰੰਟ ਯਾਰਡ ਤੁਹਾਡੇ ਆਂਢ-ਗੁਆਂਢ ਦੀ ਦਿੱਖ, ਪੈਦਲ ਚੱਲਣ ਵਾਲਿਆਂ ਅਤੇ ਵਾਹਨ ਦੀ ਸੁਰੱਖਿਆ, ਗਲੀ ਦੀ ਪਾਰਕਿੰਗ, ਮੀਂਹ ਦੇ ਪਾਣੀ ਦੀ ਨਿਕਾਸੀ ਅਤੇ ਹੋਰਨਾਂ 'ਤੇ ਮਾੜਾ ਪ੍ਰਭਾਵ ਪਾ ਸਕਦੇ ਹਨ।
- ਦਾ ਸਿਟੀ'ਸ ਲੈਂਡ ਯੂਜ਼ ਬਾਏਲਾ ਸਮੁਦਾਇਆਂ ਵਿੱਚ ਡ੍ਰਾਈਵਵੇ ਦੀ ਚੌੜਾਈ ਨੂੰ ਪ੍ਰਤੀਬੰਧਿਤ ਕਰਦੇ ਹਨ, ਹੋ ਸਕਦਾ ਹੈ ਤੁਹਾਡੀ ਦਰਖਾਸਤ ਮਨਜ਼ੂਰ ਨਾ ਹੋਵੇ।
- ਮਕਾਨ ਮਾਲਕ ਜੋ ਆਪਣੇ ਵਾਹਨਾਂ ਨੂੰ ਫ੍ਰੰਟ ਯਾਰਡ 'ਤੇ ਲਗਾਉਂਦੇ ਹਨ ਉਹਨਾਂ 'ਤੇ ਲੈਂਡ ਯੂਜ਼ ਬਾਏਲਾ ਦੀ ਉਲੰਘਣਾ ਕਰਨ 'ਤੇ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ।

### ਦਰਖਾਸਤ ਕਿੱਥੇ ਦਈਏ ਜਾਂ ਹੋਰ ਜਾਣੀਏ

**ਆਨਲਾਈਨ**
**calgary.ca/driveways**
ਸਾਡੇ ਨਾਲ ਆਨਲਾਈਨ ਚੈਟ ਕਰੋ

**ਫੋਨ ਰਾਹੀਂ**
403.268.5311

**ਮਿਲ ਕੇ**
The City of Calgary
Planning Services Centre
Third Floor, Calgary Municipal Building
800 Macleod Tr. S.E.
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ ਦੇ 4:30 ਵਜੇ ਤਕ

## ਨਵੇਂ ਡ੍ਰਾਈਵਵੇ ਅਤੇ ਵਿਸਥਾਰ

ਤੁਹਾਡੇ ਦੁਆਰਾ ਇੱਕ ਵਿਕਾਸ ਪਰਮਿਟ ਲਈ ਦਰਖਾਸਤ ਦੇਣ ਤੋਂ ਪਹਿਲਾਂ, ਆਪਣੀ ਯੋਜਨਾ ਦੁਆਰਾ ਤੁਹਾਡੇ ਸਮੁਦਾਏ ਦੇ ਨਜ਼ਦੀਕੀ ਰੋਡਵੇਜ਼ ਅਤੇ ਨਿਯਮਾਂ ਦੀ ਪਾਲਣਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ **calgary.ca/driveways** ਤੇ ਜਾਓ।

**ਸ਼ਹਿਰ ਦੀ ਯੋਜਨਾ ਬਾਰੇ ਮਨਜ਼ੂਰੀਆਂ ਲਈ ਦਰਖਾਸਤ ਦੇਣਾ:**

- **ਕਦਮ 1** - ਤੁਹਾਡੇ ਦੁਆਰਾ ਅਰਜ਼ੀ ਦੇਣ ਤੋਂ ਪਹਿਲਾਂ ਲੋੜਾਂ ਨੂੰ ਨਿਰਧਾਰਤ ਕਰਨ ਲਈ ਸਾਡੀ ਡ੍ਰਾਈਵਵੇਜ਼ ਚੈਕਲਿਸਟ ਵੇਖੋ।
- **ਕਦਮ 2** - ਆਪਣੀ ਡ੍ਰਾਇੰਗ ਤਿਆਰ ਕਰਨ ਵਿੱਚ ਤੁਹਾਡੀ ਮਦਦ ਲਈ ਸਾਡੀ ਸਹਾਇਕ ਜਾਣਕਾਰੀ ਅਤੇ ਮਿਸਾਲਾਂ ਨੂੰ ਵੇਖੋ।
- **ਕਦਮ 3** - ਆਨਲਾਈਨ ਦਰਖਾਸਤ ਦਿਓ, calgary.ca/driveways ਤੇ ਜਾਓ।

ਇੱਕ ਵਾਰ ਜਮ੍ਹਾਂ ਕਰਵਾਉਣ ਤੇ, 60 ਦਿਨਾਂ ਦੇ ਅੰਦਰ ਦਾ ਸਿਟੀ ਦੁਆਰਾ ਤੁਹਾਡੀ ਅਰਜ਼ੀ ਦੀ ਸਮੀਖਿਆ ਕੀਤੀ ਜਾਵੇਗੀ। ਸਿਟੀ ਦੁਆਰਾ ਪ੍ਰਵਾਨਿਤ ਅਰਜ਼ੀਆਂ ਦਾ ਜਨਤਕ ਰੂਪ ਵਿੱਚ ਇਸ਼ਤਿਹਾਰ ਦਿੱਤਾ ਜਾਂਦਾ ਹੈ। 21 ਦਿਨਾਂ ਦੇ ਅੰਦਰ-ਅੰਦਰ ਸਬਡਿਵੀਜ਼ਨ ਅਤੇ ਡਵੈਲਪਮੈਂਟ ਅਪੀਲ ਬੋਰਡ ਨੂੰ ਅਪੀਲ ਕੀਤੀ ਜਾ ਸਕਦੀ ਹੈ।

## ਡ੍ਰਾਈਵਵੇ ਕ੍ਰੋਸਿੰਗ

ਇੱਕ ਡ੍ਰਾਈਵਵੇ ਕ੍ਰੋਸਿੰਗ ਉੱਥੇ ਹੁੰਦੀ ਹੈ ਜਿੱਥੇ ਇੱਕ ਨਿੱਜੀ ਡ੍ਰਾਈਵਵੇ ਜਨਤਕ ਸੜਕ ਨਾਲ ਜੋੜਦਾ ਹੈ, ਜਿਸ ਵਿੱਚ ਇੱਕ ਸਾਈਡਵਾਕ, ਬੌਲਵਾਰਡ, ਕਰਬ ਜਾਂ ਗੱਟਰ ਸ਼ਾਮਲ ਹੋ ਸਕਦਾ ਹੈ। ਜਾਇਦਾਦ ਦੇ ਮਾਲਕ ਜੋ ਕਿ ਵਾਹਨ ਪਹੁੰਚ ਨੂੰ ਲਾਗੂ ਕਰਨ ਦੀ ਆਗਿਆ ਲਈ ਕਰਬ ਨੂੰ ਘਟਾਉਣਾ ਚਾਹੁੰਦੇ ਹਨ ਉਹਨਾਂ ਨੂੰ ਦਰਖਾਸਤ ਜ਼ਰੂਰ ਦੇਣੀ ਚਾਹੀਦੀ ਹੈ ਅਤੇ ਉਹ ਖਰਚੇ ਲਈ ਜ਼ਿੰਮੇਵਾਰ ਹੁੰਦੇ ਹਨ।

ਡ੍ਰਾਈਵਵੇ ਕ੍ਰੋਸਿੰਗ ਸੇਵਾ ਬੇਨਤੀ ਦਰਜ ਕਰੋ, **calgary.ca/driveways** ਤੇ ਜਾਓ ਜਾਂ 311 'ਤੇ ਸੰਪਰਕ ਕਰੋ।

**ਨੋਟ:** ਡ੍ਰਾਈਵਵੇ ਰੈਂਪ ਬਣਾਉਣ ਲਈ ਸੜਕ 'ਤੇ ਸਮੱਗਰੀ ਰੱਖਣਾ ਗੈਰ-ਕਾਨੂੰਨੀ ਹੁੰਦਾ ਹੈ।

## ਜਦੋਂ ਸਿਟੀ ਪ੍ਰਵਾਨਗੀ ਨਹੀਂ ਲਈ ਹੁੰਦੀ ਤਾਂ ਜੋਖਮ

ਜੇ ਤੁਹਾਡੇ ਕੋਲ ਉਸ ਕੰਮ ਲਈ ਪ੍ਰਵਾਨਗੀਆਂ ਨਹੀਂ ਹਨ ਜੋ ਅਰੰਭ ਜਾਂ ਪੂਰੇ ਹੋ ਗਏ ਹਨ, ਤਾਂ ਤੁਹਾਨੂੰ ਸੰਜੀਦਗੀ ਨਾਲ ਕਾਰਵਾਈ ਕਰਨ ਦੀ ਲੋੜ ਹੋ ਸਕਦੀ ਹੈ। ਲਾਗੂ ਕਰਨ ਤੋਂ ਪਹਿਲਾਂ ਦਾ ਸਿਟੀ ਹਮੇਸ਼ਾ ਪਹਿਲੇ ਉਪਾਅ ਵਜੋਂ ਪਾਲਣਾ ਦੀ ਮੰਗ ਕਰਦਾ ਹੈ, ਪਰ ਕੁਝ ਹੋਰ ਜੋਖਮਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਅਸਲ ਵਿੱਚ ਯੋਜਨਾਬੱਧ ਜਾਂ ਬਜਟ ਤੋਂ ਜਿਆਦਾ ਕੰਮ ਕਰਨਾ
- ਜਦੋਂ ਤੁਹਾਡੀ ਸੰਪਤੀ ਵੇਚਣੀ ਹੁੰਦੀ ਹੈ ਜਾਂ ਬੀਮਾ ਦਾਅਵਾ ਕਰਨਾ ਹੁੰਦਾ ਹੈ ਤਾਂ ਵਿੱਤੀ ਸਮੱਸਿਆਵਾਂ
- ਸਹੀ ਪਰਮਿਟ ਅਤੇ ਪ੍ਰਵਾਨਗੀ ਨਾ ਹੋਣ ਲਈ ਜਾਰੀ ਹੋਈਆਂ ਉਲੰਘਣਾ ਦੀਆਂ ਟਿਕਟਾਂ
- ਮਿਉਨਿਸਿਪਲ ਗਵਰਨਮੈਂਟ ਐਕਟ ਦੇ ਤਹਿਤ ਜਾਰੀ ਕੀਤੇ ਕੰਮ ਬੰਦ ਕਰਨ ਦੇ ਹੁਕਮ

**ਚਾਹੇ ਤੁਸੀਂ ਨਵਾਂ ਡ੍ਰਾਈਵਵੇ ਲਗਾ ਰਹੇ ਹੋ ਜਾਂ ਕਿਸੇ ਵਿੱਚ ਵਾਧਾ ਕਰ ਰਹੇ ਹੋ, ਤੁਹਾਡੇ ਦੁਆਰਾ ਸ਼ੁਰੂ ਕਰਨ ਤੋਂ ਪਹਿਲਾਂ ਸਿਟੀ ਦੀਆਂ ਪ੍ਰਵਾਨਗੀਆਂ ਨੂੰ ਲਿੱਤੇ ਜਾਣ ਦੀ ਸੰਭਾਵਨਾ ਹੋ ਸਕਦੀ ਹੈ।**


ਨਵਾਂ ਡ੍ਰਾਈਵਵੇ


ਡ੍ਰਾਈਵਵੇ ਵਿਸਥਾਰ


ਡ੍ਰਾਈਵਵੇ ਕ੍ਰੋਸਿੰਗ

18-00914756